



# ਪਸ਼ੂ ਪਾਲਣ ਵਿਭਾਗ

ਪਸ਼ੂ ਪਾਲਣ ਵਿਭਾਗ ਵਲੋਂ ਪਸ਼ੂ ਧਨ ਦੀ ਸਾਂਭ ਸੰਭਾਲ ਲਈ ਹੇਠ ਲਿਖੀਆਂ ਸਕੀਮਾਂ ਚਲਾਈਆਂ ਜਾ ਰਹੀਆਂ ਹਨ:-

1. **ਪਸ਼ੂਆਂ ਨੂੰ ਇਲਾਜ ਦੀ ਸਹੂਲਤ**

ਜ਼ਿਲ੍ਹੇ ਵਿਚ 91 ਹਸਪਤਾਲ ਅਤੇ 93 ਡਿਸਪੈਂਸਰੀਆਂ ਕੰਮ ਕਰ ਰਹੀਆਂ ਹਨ। ਜਿਨ੍ਹਾਂ ਵਿਚ ਕੰਮ ਕਰਦੇ ਅਧਿਕਾਰੀਆਂ/ ਕਰਮਚਾਰੀਆਂ ਵਲੋਂ ਪਸ਼ੂ ਪਾਲਕਾਂ ਦੇ ਬਿਮਾਰ ਪਸ਼ੂਆਂ ਦੇ ਇਲਾਜ ਸਬੰਧੀ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

2. **ਛੂਤੀ ਬਿਮਾਰੀਆਂ ਤੋਂ ਬਚਾਅ ਦੇ ਟੀਕੇ**

ਜ਼ਿਲ੍ਹੇ ਦੇ ਪਸ਼ੂਆਂ ਵਿਚ ਫੈਲਣ ਵਾਲੀਆਂ ਛੂਤੀ ਬਿਮਾਰੀਆਂ ਦੇ ਬਚਾਅ ਲਈ ਸਾਲ ਦੌਰਾਨ ਮੌਸਮ ਅਨੁਸਾਰ ਜਾਨਵਰਾਂ ਨੂੰ ਟੀਕੇ ਲਗਾਏ ਜਾਂਦੇ ਹਨ, ਜਿਵੇਂ ਕਿ ਗਲਘੋਟੂ, ਮੂੰਹ ਖੁਰ ਅਤੇ ਬਲੈਕ ਕੁਆਟਰ ਆਦਿ।

3. **ਏ.ਆਈ. ਦੀ ਸਹੂਲਤ**

ਜ਼ਿਲ੍ਹੇ ਦੀਆਂ ਸਾਰੀਆਂ ਪਸ਼ੂ ਸੰਸਥਾਵਾਂ ਵਿਚ ਬਨਾਵਟੀ ਢੰਗ ਨਾਲ ਗਰਭਦਾਨ ਕਰਨ ਦੀ ਸਹੂਲਤ ਉਪਲੱਬਧ ਹੈ। ਜ਼ਿਲ੍ਹੇ ਦੀਆਂ ਸਾਰੀਆਂ ਗਾਵਾਂ/ਮੱਝਾਂ ਨੂੰ ਵਧੀਆ ਨਸਲ ਦੇ ਸਾਨ੍ਹਾਂ ਤੋਂ ਤਿਆਰ ਕੀਤੇ ਟੀਕੇ ਲਗਾਏ ਜਾਂਦੇ ਹਨ।

4. **ਇੰਮਪੋਰਟਿਡ ਸੀਮਨ**

ਗਾਵਾਂ ਵਿਚ ਮਸਨੂਈ ਗਰਭਦਾਨ ਕਰਨ ਲਈ ਬਾਹਰਲੇ ਦੇਸ਼ਾਂ ਤੋਂ ਵਧੀਆ ਨਸਲ ਦੇ ਸਾਨ੍ਹਾਂ ਦੇ ਸੀਮਨ ਨਾਲ ਤਿਆਰ ਕੀਤੇ ਟੀਕੇ ਮੰਗਵਾਏ ਗਏ ਹਨ ਜੋ ਕਿ ਵਧੀਆ ਗਾਵਾਂ ਵਿਚ ਲਗਾਏ ਜਾਂਦੇ ਹਨ।

5. **ਆਦਰਸ਼ ਗਰਾਮ ਸਕੀਮ**

ਜ਼ਿਲ੍ਹੇ ਦੇ ਹਰ ਬਲਾਕ ਵਿਚੋਂ ਹਰ ਸਾਲ ਇਕ ਆਦਰਸ਼ ਗਰਾਮ ਚੁਣਿਆ ਜਾਂਦਾ ਹੈ, ਜਿਨ੍ਹਾਂ ਵਿਚ ਮਹਿਕਮੇ ਵਲੋਂ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਇਸ ਤੋਂ ਇਲਾਵਾ ਇਨ੍ਹਾਂ ਪਿੰਡਾਂ ਵਿਚ ਡੇਅਰੀ ਮੁਰਗੀ ਅਤੇ ਮੱਛੀ ਪਾਲਣ ਆਦਿ ਦੀਆਂ ਟਰੇਨਿੰਗਾਂ ਦੇ ਪ੍ਰਬੰਧ ਵੀ ਕੀਤੇ ਜਾਂਦੇ ਹਨ।

6. **ਚਾਰੇ ਸਬੰਧੀ**

ਜ਼ਿਲ੍ਹੇ ਵਿਚ ਮਹਿਕਮੇ ਵਲੋਂ ਖੇਤੀਬਾੜੀ ਵਿਕਾਸ ਅਫ਼ਸਰ (ਚਾਰਾ) ਕੰਮ ਕਰ ਰਹੇ ਹਨ, ਜਿਹੜੇ ਕਿਸਾਨਾਂ ਨੂੰ ਸਾਰਾ ਸਾਲ ਚੱਲਣ ਵਾਲੇ ਹਰੇ ਚਾਰੇ ਦੇ ਵਧੀਆ ਬੀਜ ਸਪਲਾਈ ਕਰਦੇ ਹਨ ਅਤੇ ਸਾਇਲੋਪਿੱਟ (ਹੇ) ਅਤੇ ਯੂਰੀਆ ਟਰੀਟਮੈਂਟ ਆਦਿ ਪਸ਼ੂ ਪਾਲਕਾਂ ਨੂੰ ਟਰੇਨਿੰਗ ਦਿੱਤੀ ਜਾਂਦੀ ਹੈ।

**ਪਸ਼ੂਆਂ ਦੀ ਸਿਹਤ ਸੰਭਾਲ ਅਤੇ ਨਸਲ ਸੁਧਾਰ ਕਰਨ ਹਿਤ ਜ਼ਿਲ੍ਹੇ ਵਿਚ ਹੇਠ ਲਿਖੇ ਅਨੁਸਾਰ ਪਸ਼ੂ ਸੰਸਥਾਵਾਂ ਕੰਮ ਕਰ ਰਹੀਆਂ ਹਨ:—**

| ਪਸ਼ੂ ਸੰਸਥਾਵਾਂ | ਪ੍ਰੋਵੈਨਸ਼ੀਅਲ | ਫੋਕਲ ਪੁਆਇੰਟ | ਜ਼ਿਲ੍ਹਾ ਪ੍ਰੀਸ਼ਦ | ਕੁਲ ਜੋੜ |
|---|---|---|---|---|
| ਪਸ਼ੂ ਹਸਪਤਾਲ | 33 | 44 | 14 | 91 |
| ਪਸ਼ੂ ਡਿਸਪੈਂਸਰੀਆਂ | 91 | - | 2 | 93 |
| ਜੋੜ | 124 | 44 | 16 | 184 |

| | | | | |
|---|---|---|---|---|
| ਵੈਟਨਰੀ ਪੋਲੀਟੈਕਨਿਕ | 1 | - | - | 1 |
| ਮੁਬਾਇਲ ਡਿਸਪੈਂਸਰੀਆਂ | 2 | - | - | 2 |

**7. ਅਮਲਾ**

1. ਜ਼ਿਲ੍ਹਾ ਪੱਧਰ ਤੇ ਡਿਪਟੀ ਡਾਇਰੈਕਟਰ ਨਿਯੁਕਤ ਹੈ ਜੋ ਜ਼ਿਲ੍ਹੇ ਵਿਚ ਪਸ਼ੂ ਪਾਲਣ ਵਿਭਾਗ ਦਾ ਮੁੱਖੀ ਹੈ ਅਤੇ ਵਿਭਾਗ ਵਲੋਂ ਜੋ ਵੀ ਕੰਮ/ਪ੍ਰਬੰਧ ਅਤੇ ਚਲਾਈਆਂ ਜਾ ਰਹੀਆਂ ਸਕੀਮਾਂ ਆਦਿ ਦਾ ਕੰਮ ਇਹਨਾਂ ਦੀ ਦੇਖ-ਰੇਖ ਹੇਠ ਹੁੰਦਾ ਹੈ।
2. ਜ਼ਿਲ੍ਹਾ ਪੱਧਰ ਤੇ ਦੋ ਸਹਾਇਕ ਨਿਰਦੇਸ਼ਕ ਹਨ ਜਿਨ੍ਹਾਂ ਦਾ ਕੰਮ ਹੇਠ ਲਿਖੇ ਅਨੁਸਾਰ ਹੈ:-
   (ੳ) ਸਹਾਇਕ ਨਿਰਦੇਸ਼ਕ ਪਸ਼ੂ ਪਾਲਣ (ਏ.ਐਚ.):- ਜ਼ਿਲ੍ਹੇ ਵਿਚ ਪਸ਼ੂਆਂ ਦੀ ਸਿਹਤ ਸੰਭਾਲ/ਛੂਤ ਬਿਮਾਰੀਆਂ ਤੋਂ ਬਚਾਓ ਆਦਿ ਦਾ ਸਾਰਾ ਕੰਮ ਇਨ੍ਹਾਂ ਦੀ ਦੇਖ-ਰੇਖ ਹੇਠ ਹੁੰਦਾ ਹੈ।
   (ਅ) ਸਹਾਇਕ ਨਿਰਦੇਸ਼ਕ ਪਸ਼ੂ ਪਾਲਣ (ਏ.ਪੀ.):- ਜ਼ਿਲ੍ਹੇ ਵਿਚ ਮਸਨੂਈ ਗਰਭਦਾਨ ਆਦਿ ਦਾ ਸਾਰਾ ਕੰਮ ਇਨ੍ਹਾਂ ਦੀ ਦੇਖ-ਰੇਖ ਹੇਠ ਹੁੰਦਾ ਹੈ।
3. ਜ਼ਿਲ੍ਹੇ ਵਿਚ ਤਹਿਸੀਲ ਪੱਧਰ ਤੇ ਸੀਨੀਅਰ ਵੈਟਨਰੀ ਅਫ਼ਸਰ ਨਿਯੁਕਤ ਹਨ ਜਿਨ੍ਹਾਂ ਦੀ ਦੇਖ-ਰੇਖ ਹੇਠ ਤਹਿਸੀਲ ਦੀਆਂ ਸਾਰੀਆਂ ਪਸ਼ੂ ਸੰਸਥਾਵਾਂ ਦਾ ਕੰਮ ਹੁੰਦਾ ਹੈ।
4. ਜ਼ਿਲ੍ਹੇ ਵਿਚ ਹੇਠ ਲਿਖੇ ਅਨੁਸਾਰ ਪਸ਼ੂ ਪਾਲਣ ਵਿਭਾਗ ਦਾ ਫੀਲਡ ਸਟਾਫ ਨਿਯੁਕਤ ਹੈ:-

| | | |
|---|---|---|
| (ੳ) | ਵੈਟਨਰੀ ਅਫ਼ਸਰ ਸਪੈਸ਼ਲਿਸਟ ਵੈਟਨਰੀ ਪੋਲੀਕਲੀਨਿਕ | 4 |
| (ਅ) | ਵੈਟਨਰੀ ਅਫ਼ਸਰ | 61 |
| (ੲ) | ਵੈਟਨਰੀ ਫਾਰਮਾਸਿਸਟ | 126 |
| (ਸ) | ਫੀਡ ਅਤੇ ਫਾਡਰ ਅਫ਼ਸਰ | 4 |
| (ਹ) | ਹੋਰ ਅਮਲਾ | — |

**8. ਆਊਟ ਡੋਰ ਦੇ ਕੇਸ ਅਤੇ ਵੈਕਸੀਨ ਦੇ ਕੰਮ ਬਾਰੇ**

ਪਸ਼ੂ ਸਾਡਾ ਸਰਮਾਇਆ ਹਨ ਅਤੇ ਆਪਣੇ ਇਸ ਕੀਮਤੀ ਪਸ਼ੂ ਧਨ ਦੀ ਰੱਖਿਆ ਕਰਨ ਹਿੱਤ ਉਹਨਾਂ ਦੀਆਂ ਬਿਮਾਰਿਆਂ ਦਾ ਇਲਾਜ ਅਤੇ ਹੋਰ ਵੱਖ-ਵੱਖ ਛੂਤੀ ਬਿਮਾਰੀਆਂ ਤੋਂ ਬਚਾਓ ਲਈ ਟੀਕੇ ਲਗਾਏ ਜਾਂਦੇ ਹਨ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

**9. ਤਹਿਸੀਲ ਪੱਧਰ ਦੀਆਂ ਡਾਇਗਨੋਸਟਿਕ ਪ੍ਰਯੋਗਸ਼ਾਲਾਵਾਂ ਦੇ ਕੰਮ ਦਾ ਵੇਰਵਾ**

ਜ਼ਿਲ੍ਹੇ ਦੀਆਂ ਚਾਰ ਤਹਿਸੀਲਾਂ ਹਨ। ਜ਼ਿਲ੍ਹੇ ਵਿਚ ਤਿੰਨ ਤਹਿਸੀਲਾਂ ਤੇ ਡਾਇਗਨੋਸਟਿਕ ਪ੍ਰਯੋਗਸ਼ਾਲਾਵਾਂ ਸਥਾਪਤ ਕੀਤੀਆਂ ਗਈਆਂ ਹਨ ਤੇ ਉਹਨਾਂ ਤੇ ਸੀਨੀਅਰ ਵੈਟਨਰੀ ਅਫ਼ਸਰਾਂ ਦੀ ਨਿਯੁਕਤੀ ਕੀਤੀ ਗਈ ਹੈ। ਜੋ ਪਸ਼ੂਆਂ ਨੂੰ ਪ੍ਰਯੋਗਸ਼ਾਲਾਵਾਂ ਦੇ ਟੈਸਟਾਂ ਰਾਹੀਂ ਬੀਮਾਰੀਆਂ ਦੀ ਖੋਜ ਕਰਕੇ ਢੁੱਕਵਾਂ ਇਲਾਜ ਦਿੰਦੇ ਹਨ। ਇਹ ਸੀਨੀਅਰ ਵੈਟਨਰੀ ਅਫ਼ਸਰ ਆਪਣੀ-ਆਪਣੀ ਤਹਿਸੀਲ ਵਿਚ ਵਿਭਾਗ ਦੀਆਂ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦੀ ਵੀ ਲੋਕਾਂ ਨੂੰ ਜਾਣਕਾਰੀ ਦਿੰਦੇ ਹਨ ਅਤੇ ਉਹਨਾਂ ਸਕੀਮਾਂ ਨੂੰ ਲਾਗੂ ਕਰਨ ਹਿੱਤ ਪੂਰੀ ਨਿਗਰਾਨੀ ਰੱਖਦੇ ਹਨ।

**10. ਬਲਾਕ ਪੱਧਰ ਦੀਆਂ ਪ੍ਰਯੋਗਸ਼ਾਲਾਵਾਂ ਦੇ ਕੰਮ ਦਾ ਵੇਰਵਾ**

ਤਹਿਸੀਲ ਪੱਧਰ ਦੀਆਂ ਪ੍ਰਯੋਗਸ਼ਾਲਾਵਾਂ ਵਾਂਗ ਹੀ ਬਲਾਕ ਹੈੱਡ ਕੁਆਰਟਰ ਤੇ ਵੀ ਡਾਇਗਨੋਸਟਿਕ ਪ੍ਰਯੋਗਸ਼ਾਲਾਵਾਂ ਬਣਾਈਆਂ ਗਈਆਂ ਹਨ ਤਾਂ ਜੋ ਪਸ਼ੂ ਪਾਲਕਾਂ ਨੂੰ ਪ੍ਰਯੋਗਸ਼ਾਲਾਵਾਂ ਦੀਆਂ ਵਧੇਰੇ ਸਹੂਲਤਾਂ ਪ੍ਰਾਪਤ ਹੋ ਸਕਣ। ਇਨ੍ਹਾਂ ਲੈਬਾਰਟਰੀਜ਼ ਦੇ ਕੰਮ ਦਾ ਵੇਰਵਾ ਇਸ ਪ੍ਰਕਾਰ ਹੈ।

**11. ਵੈਟਨਰੀ ਪੋਲੀਕਲੀਨਿਕ ਦੇ ਕੰਮ ਦਾ ਵੇਰਵਾ**

ਜ਼ਿਲ੍ਹਾ ਹੈਡ ਕੁਆਰਟਰ ਤੇ ਵੈਟਨਰੀ ਪੋਲੀਕਲੀਨਿਕ ਦੀ ਸਥਾਪਨਾ ਕੀਤੀ ਗਈ ਹੈ। ਜਿਥੇ ਮਾਹਿਰ ਡਾਕਟਰਾਂ ਦੀ ਟੀਮ ਵਲੋਂ

ਸਪੈਸ਼ਲ ਟਰੀਟਮੈਂਟ ਜਿਵੇਂ ਕਿ ਗਾਇਨੀਕੋਲੋਜਿਸਟ ਪੈਥਾਲੋਜੀ ਸਰਜੀਕਲ ਅਤੇ ਮਾਇਕਰੋਬਾਇਲੋਜੀ ਦੇ ਕੇਸ ਸੁਚੱਜੇ ਢੰਗ ਨਾਲ ਕੀਤੇ ਜਾਂਦੇ ਹਨ।

12. **ਚਲਦੇ ਫਿਰਦੇ ਪਸ਼ੂ ਹਸਪਤਾਲਾਂ ਦੇ ਕੰਮ ਦਾ ਵੇਰਵਾ**

ਜ਼ਿਲ੍ਹੇ ਵਿਚ 2 ਚਲਦੇ ਫਿਰਦੇ ਪਸ਼ੂ ਹਸਪਤਾਲ ਸਰਕਾਰ ਵਲੋਂ ਚਾਲੂ ਕੀਤੇ ਗਏ ਹਨ ਜੋ ਦੂਰ ਦੁਰਾਡੇ ਇਲਾਕੇ ਵਿਚ ਜਾ ਕੇ ਪਸ਼ੂ ਪਾਲਕਾਂ ਨੂੰ ਪਸ਼ੂਆਂ ਦੇ ਇਲਾਜ ਲਈ ਸਹੂਲਤਾਂ ਦਿੰਦੇ ਹਨ।

13. **ਪਸ਼ੂ ਭਲਾਈ ਕੈਂਪਾਂ ਦੇ ਕੰਮ ਦਾ ਵੇਰਵਾ**

ਜ਼ਿਲ੍ਹੇ ਵਿਚ ਪਸ਼ੂ ਭਲਾਈ ਕੈਂਪ ਹਰ ਮਹੀਨੇ ਦੋ ਵਾਰ ਲਗਾਏ ਜਾਂਦੇ ਹਨ। ਇਨ੍ਹਾਂ ਕੈਂਪਾਂ ਵਿਚ ਵਿਭਾਗ ਦੇ ਮਾਹਰ ਡਾਕਟਰਾਂ ਦੀ ਟੀਮ ਪਸ਼ੂਆਂ ਨੂੰ ਮੁਫ਼ਤ ਸਹੂਲਤਾਂ ਪ੍ਰਦਾਨ ਕਰਦੀ ਹੈ।

14. **ਰਿੰਡਰ ਪੈਸਟ (ਮੋਕ ਮਾਤਾ) ਰੈਡੀਕੇਸ਼ਨ ਪ੍ਰੋਗਰਾਮ**

ਇਸ ਪ੍ਰੋਗਰਾਮ ਤਹਿਤ ਹਰੇਕ ਸਾਲ ਦੌਰਾਨ ਸਾਰੇ ਪਿੰਡਾਂ ਦਾ ਦੌਰਾ ਕੀਤਾ ਜਾਂਦਾ ਹੈ ਅਤੇ ਪਸ਼ੂ ਪਾਲਕਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਇਸ ਬੀਮਾਰੀ ਸਬੰਧੀ ਜਾਗਰੂਕ ਕੀਤਾ ਜਾਂਦਾ ਹੈ ਅਤੇ ਹਰ ਮਹੀਨੇ ਜ਼ਿਲ੍ਹੇ ਦੇ ਸਟੋਕ ਰੂਟ ਤੇ ਆਉਂਦੇ 166 ਪਿੰਡਾਂ ਵਿਚ ਦੌਰਾ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸੀਨੀਅਰ ਵੈਟਨਰੀ ਅਫ਼ਸਰ ਆਪਣੀ ਤਹਿਸੀਲ ਦੇ ਸੰਬੰਧਤ ਪਸ਼ੂ ਸੰਸਥਾਵਾਂ ਦੇ ਆਊਟ ਡੋਰ ਰਜਿਸਟਰ ਚੈਕ ਕਰਦੇ ਹਨ ਤਾਂ ਜੋ ਰਿਡਰ ਪੈਸਟ ਜਾਂ ਇਸ ਨਾਲ ਮੇਲ ਖਾਂਦੀਆਂ ਬੀਮਾਰੀਆਂ ਦਾ ਪਤਾ ਲਗਾਇਆ ਜਾ ਸਕੇ। ਅਗਰ ਕੋਈ ਇਸ ਤਰ੍ਹਾਂ ਦੀ ਬੀਮਾਰੀ ਪਾਈ ਜਾਂਦੀ ਹੈ ਤਾਂ ਉਸ ਜਾਨਵਰ ਦੇ ਸੈਂਪਲ ਲੈ ਕੇ ਟੈਸਟ ਕਰਨ ਲਈ ਲੈਬਾਰਟਰੀ ਨੂੰ ਭੇਜੇ ਜਾਂਦੇ ਹਨ।

15. **ਫੀਡ ਅਤੇ ਫਾਡਰ ਸਕੀਮ**

ਇਸ ਸਕੀਮ ਤਹਿਤ ਪਸ਼ੂ ਪਾਲਕਾਂ ਨੂੰ ਸਾਰਾ ਸਾਲ ਚਲਣ ਵਾਲਾ ਹਰਾ ਚਾਰਾ ਅਤੇ ਸੁੱਕਾ ਚਾਰਾ ਸੋਧਨ ਆਦਿ ਲਈ ਪਿੰਡਾਂ ਵਿਚ ਫੀਡ ਅਤੇ ਫਾਡਰ ਅਫ਼ਸਰਾਂ ਵਲੋਂ ਕੈਂਪ ਲਗਾਏ ਜਾਂਦੇ ਹਨ, ਜਿਸ ਵਿਚ ਉਨ੍ਹਾਂ ਨੂੰ ਪਸ਼ੂਆਂ ਲਈ ਸਾਰਾ ਸਾਲ ਹਰਾ ਚਾਰਾ/ਪੌਸ਼ਟਿਕ ਖੁਰਾਕ ਅਤੇ ਚੰਗੀ ਫੀਡ ਲਈ ਜਾਗਰੂਕ ਕੀਤਾ ਜਾਂਦਾ ਹੈ। ਅਗਰ ਸਰਕਾਰ ਵਲੋਂ ਵਧੀਆ ਕਿਸਮ ਦੇ ਹਰੇ ਚਾਰੇ ਦੇ ਬੀਜ ਸਪਲਾਈ ਕੀਤੇ ਜਾਣ ਤਾਂ ਪਸ਼ੂ ਪਾਲਕਾਂ ਵਿਚ ਵੰਡ ਦਿੱਤੇ ਜਾਂਦੇ ਹਨ ਤਾਂ ਜੋ ਆਪਣਾ ਵਧੀਆ ਬੀਜ ਤਿਆਰ ਕਰ ਸਕਣ। ਇਸ ਤੋਂ ਇਲਾਵਾ ਸਰਕਾਰ ਵਲੋਂ ਪਸ਼ੂ ਪਾਲਕਾਂ ਲਈ ਸਬਸਿਡੀ ਦੀ ਸਕੀਮ ਆਉਂਦੀ ਹੈ ਜਿਵੇਂ ਕਿ ਸਾਇਲੋਪਿੱਟ/ਯੂਰੀਆ ਟਰੀਟਮੈਂਟ ਕਰਕੇ ਇਨ੍ਹਾਂ ਵਿਚ ਵੰਡ ਦਿੱਤੀ ਜਾਂਦੀ ਹੈ।

16. **ਆਦਰਸ਼ ਗਰਾਮ ਸਕੀਮ**

ਇਹ ਸਕੀਮ ਸਾਲ 2002-2003 ਵਿਚ ਚਾਲੂ ਕੀਤੀ ਗਈ ਅਤੇ ਦੋ ਸਾਲ ਦੌਰਾਨ ਹਰ ਬਲਾਕ ਵਿਚੋਂ 2 ਪਿੰਡ ਦੇ ਹਿਸਾਬ ਨਾਲ 10 ਬਲਾਕਾਂ ਵਿਚੋਂ 20 ਪਿੰਡ ਆਦਰਸ਼ ਗਰਾਮ ਚੁਣੇ ਜਾ ਚੁਕੇ ਹਨ।